


ਸੰਤ ਬਾਬਾ ਫਤਿਹ ਸਿੰਘ ਜੀ ਦੇ ਪ੍ਰਲੋਕ ਗਮਨ ਤੋਂ ਬਾਅਦ ਪਗੜੀ ਰਸਮ ਮੌਕੇ ਸੰਤ ਬਾਬਾ ਫਤਹਿ ਸਿੰਘ ਤੋਂ ਬਾਅਦ ਗੁਰਦੁਆਰਾ ਗੁਰੂਸਰ ਸਾਹਿਬ ਪਾਤਸ਼ਾਹੀ ਛੇਵੀਂ ਦੇ ਪ੍ਰਬੰਧਾਂ ਲਈ ਸੰਤ ਮਹਾਂਪੁਰਸ਼ਾਂ, ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਖੋਸਾ ਕੋਟਲਾ ਤੇ ਸੇਵਾਦਾਰਾਂ ਨੇ ਪ੍ਰਸਿੱਧ ਕਥਾਵਾਚਕ ਗਿਆਨੀ **ਗੁਰਮੀਤ ਸਿੰਘ ਜੀ** ਨੂੰ ਮੁੱਖ ਸੇਵਾਦਾਰ ਦੀ ਸੇਵਾ ਸੌਂਪੀ, ਜਿਸ ਲਈ ਸਾਰੇ ਮਹਾਂਪੁਰਸ਼ਾਂ ਨੇ ਪ੍ਰਵਾਨਗੀ ਦਿੱਤੀ।



ਫੋਟੋ ਤੇ ਵੇਰਵਾ :
ਮਹਿੰਦਰ ਸਿੰਘ ਢਿੱਲੋਂ ਦੁੱਨੇਕੇ





ਇੰਜ. ਗਰਪ੍ਰੀਤ ਸਿੰਘ ਪੱਤੂ ਦੀ ਪੁਸਤਕ '50 ਰੂਲਜ ਟੂ ਲਰਨ ਇੰਗਲਿਸ' ਰੀਲੀਜ ਕਰਦੇ ਹੋਏ ਮੈਗਜੀਨ 'ਮਹਿਕ ਵਤਨ ਦੀ ਲਾਈਵ' ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਉਨ੍ਹਾ ਦੇ ਨਾਲ ਕੁਲਦੀਪ ਸਿੰਘ ਸੈਂਭੀ, ਮਨਦੀਪ ਸਿੰਘ ਸੈਂਭੀ ਅਤੇ ਪਵਨਦੀਪ ਸਿੰਘ ਜੌੜਾ।

## ਭਵਨਦੀਪ ਸਿੰਘ ਪੁਰਬਾ ਵੱਲੋਂ ਇੰਜ. ਗੁਰਪ੍ਰੀਤ ਸਿੰਘ ਪੱਤੋਂ ਦੀ ਪੁਸਤਕ '50 ਰੂਲਜ ਟੂ ਲਰਨ ਇੰਗਲਿਸ਼' ਰਿਲੀਜ਼

ਮੋਗਾ (ਪੁਨੀਤ ਸੱਗੂ)- ਇੰਜ. ਗੁਰਪ੍ਰੀਤ ਸਿੰਘ ਪੱਤੋਂ ਦੀ ਪੁਸਤਕ '50 ਰੂਲਜ ਟੂ ਲਰਨ ਇੰਗਲਿਸ਼' ਮਹਿਕ ਵਤਨ ਦੀ ਲਾਈਵ ਮੈਗਜ਼ੀਨ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਵੱਲੋਂ ਰੀਲੀਜ਼ ਕੀਤੀ ਗਈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਕੁਲਦੀਪ ਸਿੰਘ ਸੈਂਭੀ ਨੇ ਦੱਸਿਆ ਕਿ ਮਹਿਕ ਵਤਨ ਦੀ ਲਾਈਵ ਵੱਲੋਂ ਪ੍ਰਕਾਸ਼ਤ ਕੀਤੀ ਗਈ ਇੰਜ. ਗਰਪ੍ਰੀਤ ਸਿੰਘ ਪੱਤੋਂ ਦੀ ਇੰਗਲਿਸ਼ ਪੁਸਤਕ '50 ਰੂਲਜ ਟੂ ਲਰਨ ਇੰਗਲਿਸ਼' ਮਹਿਕ ਵਤਨ ਦੀ ਲਾਈਵ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਵੱਲੋਂ ਰੀਲੀਜ਼ ਕੀਤੀ ਗਈ। ਇਸ ਮੌਕੇ ਬੋਲਦਿਆਂ ਭਵਨਦੀਪ ਸਿੰਘ ਪੁਰਬਾ ਨੇ ਕਿਹਾ ਕਿ ਪੁਸਤਕ ਵਿੱਚ ਬੱਚਿਆਂ ਲਈ ਸੁਖਾਲੇ ਢੰਗ ਨਾਲ ਇੰਗਲਿਸ਼ ਸਿੱਖਣ ਦੇ 50 ਰੂਲਜ ਦਿੱਤੇ ਗਏ ਹਨ ਜੋ ਕਿ ਪੰਜਾਬੀ ਮੀਡੀਅਮ ਦੇ ਬੱਚਿਆਂ ਲਈ ਇੰਗਲਿਸ਼ ਸਿੱਖਣ ਵਿੱਚ ਕਾਫੀ ਸਹਾਈ ਹੋਣਗੇ।

ਇਸ ਮੌਕੇ ਲੇਖਕ ਇੰਜ. ਗੁਰਪ੍ਰੀਤ ਸਿੰਘ ਪੱਤੋਂ, ਮਹਿਕ ਵਤਨ ਦੀ ਲਾਈਵ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਤੋਂ ਇਲਾਵਾ ਕੁਲਦੀਪ ਸਿੰਘ ਸੈਂਭੀ, ਮਨਦੀਪ ਸਿੰਘ ਸੈਂਭੀ, ਪਵਨਦੀਪ ਸਿੰਘ ਜੌੜਾ, ਬਲਦੇਵ ਸਿੰਘ ਖਾਲਸਾ ਆਦਿ ਮੁੱਖ ਤੌਰ ਤੇ ਹਾਜ਼ਰ ਸਨ।

### ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਦੀ ਅਗਵਾਈ ਹੇਠ ਅਵਾਰਾ ਜਾਨਵਰਾਂ ਦੇ ਗਲਿਆਂ 'ਚ ਰਿਫ਼ਲੈਕਟ ਬੈਲਟ ਪਾਏ ਗਏ

## ਧੁੰਦ ਦੇ ਮੌਸਮ ਦੇ ਮੱਦੇ-ਨਜ਼ਰ ਚਲਾਈ ਗਈ ਮੁਹਿੰਮ-ਅਨੀਤਾ ਦਰਸ਼ੀ



ਮੋਗਾ / ਭਵਨਦੀਪ ਸਿੰਘ ਪੁਰਬਾ

ਡਿਪਟੀ ਕਮਿਸ਼ਨਰ ਮੋਗਾ ਸ. ਪਰਮਿੰਦਰ ਸਿੰਘ ਗਿੱਲ ਦੇ ਆਦੇਸ਼ਾਂ ਅਨੁਸਾਰ ਅੱਜ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ-ਕਮ-ਸਹਾਇਕ ਕਮਿਸ਼ਨਰ (ਜਨਰਲ) ਮੋਗਾ ਸ੍ਰੀਮਤੀ ਅਨੀਤਾ ਦਰਸ਼ੀ ਦੀ ਅਗਵਾਈ ਹੇਠ ਅਵਾਰਾ ਜਾਨਵਰਾਂ ਦੇ ਗਲਿਆਂ 'ਚ ਰਿਫ਼ਲੈਕਟ ਬੈਲਟ ਪਾਏ ਗਏ।

ਇਸ ਮੌਕੇ ਮੈਡਮ ਅਨੀਤਾ ਦਰਸ਼ੀ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਅਵਾਰਾ ਗਊਆਂ ਨੂੰ ਪਕੜ ਕੇ ਗਊ-ਸ਼ਾਲਾਵਾਂ 'ਚ ਭੇਜਣ ਲਈ ਗੰਭੀਰ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਪਿੰਡ ਕਿਸ਼ਨਪੁਰਾ ਕਲਾਂ ਵਿਖੇ ਅਵਾਰਾ ਪਸ਼ੂਆਂ ਦੀ ਸਾਂਭ-ਸੰਭਾਲ ਲਈ 10 ਏਕੜ ਜ਼ਮੀਨ 'ਚ ਕੈਟਲ ਪੌਂਡ ਸਥਾਪਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਰਾਤ ਵੇਲੇ ਕਈ ਵਾਰ ਅਵਾਰਾ ਗਊਆਂ ਦੇ ਰਾਹਗੀਰਾਂ ਨੂੰ ਦਿਖਾਈ ਨਾ ਦੇਣ ਕਾਰਣ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਧੁੰਦ ਦੇ ਮੌਸਮ ਨੂੰ ਮੁੱਖ ਰੱਖਦਿਆਂ ਟਰਾਂਸਪੋਰਟ ਵਿਭਾਗ ਮੋਗਾ ਵੱਲੋਂ ਇਹ ਮੁਹਿੰਮ ਚਲਾਈ ਗਈ ਹੈ, ਜੋ ਲਗਾਤਾਰ ਜਾਰੀ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਕੰਮ ਲਈ ਸਮਾਜ-ਸੇਵੀ ਸੰਸਥਾਵਾਂ ਵੱਲੋਂ ਵੀ ਸਹਿਯੋਗ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅਵਾਰਾ ਗਊਆਂ ਦੇ ਗਲਿਆਂ 'ਚ ਰਿਫ਼ਲੈਕਟ ਬੈਲਟ ਪਾਉਣ ਨਾਲ ਰਾਹਗੀਰਾਂ ਨੂੰ ਰਾਹਤ ਮਿਲੇਗੀ।

ਇਸ ਮੌਕੇ ਸਮਾਜ-ਸੇਵੀ ਗੁਰਪ੍ਰੀਤ ਸਿੰਘ ਜੱਸਲ, ਸੈਨੇਟਰੀ ਇੰਸਪੈਕਟ ਸੁਮਨ ਕੁਮਾਰ, ਆਤਮਾ ਸਿੰਘ, ਰਾਮ ਸਿੰਘ, ਬੀਰ ਸਿੰਘ, ਸੋਮ ਨਾਥ ਅਤੇ ਸੇਵਕ ਸਿੰਘ ਨੇ ਰਿਫ਼ਲੈਕਟ ਬੈਲਟਾਂ ਪਾਉਣ 'ਚ ਸਹਿਯੋਗ ਦਿੱਤਾ।

# ਸੰਤ ਬਾਬਾ ਨਛੱਤਰ ਸਿੰਘ ਯਾਦਗਾਰੀ ਕਬੱਡੀ ਕੱਪ 29 ਫਰਵਰੀ 2016 ਨੂੰ ਬਾਬਾ ਗੁਰਦੀਪ ਸਿੰਘ ਜੀ ਚੰਦ ਪੁਰਾਣਾ



ਚੰਦ ਪੁਰਾਣਾ / ਭਵਨਦੀਪ ਸਿੰਘ ਪੁਰਬਾ

ਮਾਲਵੇ ਦੇ ਪ੍ਰਸਿਧ ਇਤਿਹਾਸਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣਾ ਦੇ ਬਾਨੀ ਸੇਵਾਦਾਰ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਵੱਲੋਂ ਨੌਜੁਆਨਾਂ ਨੂੰ ਨਸ਼ਿਆਂ ਵਰਗੀਆ ਭੈੜੀਆ ਲਾਹਨਤਾ ਤੋ ਬਚਾਉਣ ਲਈ ਉਨ੍ਹਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਸ਼ੁਰੂ ਕੀਤੇ ਕਬੱਡੀ ਟੂਰਨਾਮੈਂਟਾਂ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਮੌਜੂਦਾ ਮਹਾਂਪੁਰਖ ਸੰਤ ਬਾਬਾ ਗੁਰਦੀਪ ਸਿੰਘ ਜੀ ਵੱਲੋਂ ਸਲਾਨਾ ਕਬੱਡੀ ਕੱਪ 29 ਫਰਵਰੀ 2016 ਨੂੰ ਕਰਵਾਉਣ ਦਾ ਐਲਾਨ ਕੀਤਾ ਗਿਆ।

ਇਸ ਕਬੱਡੀ ਕੱਪ ਸਬੰਧੀ 'ਮਹਿਕ ਵਤਨ ਦੀ ਲਾਈਵ' ਨਾਲ ਗੱਲਬਾਤ ਕਰਦਿਆਂ ਮੌਜੂਦਾ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਦੱਸਿਆ ਕਿ ਇਹ ਕਬੱਡੀ ਕੱਪ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਦੀ ਯਾਦ ਵਿੱਚ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਦੀ ਪਵਿੱਤਰ ਧਰਤੀ ਤੇ ਕਰਵਾਇਆ ਜਾਵੇਗਾ। ਇਹ ਸੰਤ ਬਾਬਾ ਨਛੱਤਰ ਸਿੰਘ ਯਾਦਗਾਰੀ ਕਬੱਡੀ ਕੱਪ 29 ਫਰਵਰੀ 2016 ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਦੀਆਂ ਸਾਰੀਆਂ ਤਿਆਰੀਆਂ ਸ਼ੁਰੂ ਹਨ ਜੋ ਜਲਦੀ ਹੀ ਮੁਕੰਮਲ ਹੋ ਜਾਣਗੀਆਂ।

### ਢਾਡੀ ਗੁਰਬਖਸ਼ ਸਿੰਘ ਅਲਬੇਲਾ ਦੇ ਸਵਰਗਵਾਸ ਹੋਣ ਤੇ ਸ਼ੋਕ ਇਕਾਗਰਤਾ

## ਅਦਾਰਾ 'ਮਹਿਕ ਵਤਨ ਦੀ ਲਾਈਵ' ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ - ਭਵਨਦੀਪ ਸਿੰਘ ਪੁਰਬਾ

ਮੋਗਾ : ਪੰਜਾਬ ਦੇ ਪ੍ਰਸਿੱਧ ਢਾਡੀ, ਗੀਤਕਾਰ, ਸਾਹਿਤਕਾਰ ਅਤੇ ਅੰਤਰ-ਰਾਸ਼ਟਰੀ ਮੈਗਜੀਨ 'ਮਹਿਕ ਵਤਨ ਦੀ ਲਾਈਵ' ਦੇ ਸੁਪਰਸਤ ਢਾਡੀ ਕਲਾ ਦੇ ਥੰਮ ਮਾਸਟਰ ਗੁਰਬਖਸ਼ ਸਿੰਘ ਅਲਬੇਲਾ ਜਿਨ੍ਹਾਂ ਦਾ ਪਿਛਲੇ ਦਿਨੀਂ ਦਿਹਾਂਤ ਹੋ ਗਿਆ ਸੀ ਉਹਨਾ ਦੇ ਪ੍ਰਲੋਕ ਗਮਨ ਕਰ ਜਾਣ ਤੇ ਜਿਥੇ ਕੌਮ ਨੂੰ ਵੱਡਾ ਘਾਟਾ ਪਿਆ ਹੈ, ਉਥੇ ਅਦਾਰਾ 'ਮਹਿਕ ਵਤਨ ਦੀ ਲਾਈਵ' ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪੈ ਗਿਆ ਹੈ। ਇਨ੍ਹਾ ਸ਼ਬਦਾਂ ਦਾ ਪ੍ਰਗਟਾਵਾ 'ਮਹਿਕ ਵਤਨ ਦੀ ਲਾਈਵ' ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਨੇ ਪੇਪਰ ਦੀ ਸ਼ੋਕ ਇਕਾਗਰਤਾ ਵਿੱਚ ਕੀਤਾ। ਅਲਬੇਲਾ ਜੀ ਦੇ ਪ੍ਰਲੋਕ ਗਮਨ ਕਰ ਜਾਣ ਤੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਤੋਂ ਇਲਾਵਾ ਧਾਰਮਿਕ ਸੰਪਾਦਕ ਸਾਧੂ ਸਿੰਘ ਧੰਮੂ, ਬਾਬਾ ਗੁਰਦੀਪ ਸਿੰਘ ਚੰਦਪੁਰਾਣਾ, ਗੁਰਮੇਲ ਸਿੰਘ ਪੁਰਬਾ, ਬਾਬਾ ਰੇਸ਼ਮ ਸਿੰਘ ਖੁਖਰਾਣਾ, ਗੁਰਸੇਵਕ ਸਿੰਘ ਕੈਨੇਡਾ, ਬਾਬਾ ਜਸਵੀਰ ਸਿੰਘ ਲੋਹਾਰਾ, ਬਲਸ਼ਰਨ ਸਿੰਘ ਪੁਰਬਾ, ਕਮਲਜੀਤ ਸਿੰਘ ਦਾਸ, ਗੁਰਮੀਤ ਸਿੰਘ ਸ਼ਰਸਾ ਮਨਿੰਦਰ ਮੋਗਾ, ਸ. ਚਮਕੌਰ ਸਿੰਘ ਸੰਘਾ, ਬਾਬਾ ਗੁਰਦੀਪ ਸਿੰਘ ਜੀ ਖੋਸਾ ਕੋਟਲਾ, ਕੁਲਵਿੰਦਰ ਤਾਰੇਵਾਲਾ, ਸ਼ਵਿੰਦਰ ਤਾਰੇਵਾਲਾ, ਸਾਹਿਤਕਾਰ ਗੁਰਮੇਲ ਸਿੰਘ ਬੌਡੇ, ਜਸਵੀਰ ਸਿੰਘ ਪੁੜੈਣ, ਜਗਦੇਵ ਬਰਾੜ, ਪ੍ਰਸਿੱਧ ਲੇਖਕ ਬਲਦੇਵ ਸਿੰਘ ਆਜਾਦ, ਇਕਬਾਲ ਖੋਸਾ, ਕਵੀਸ਼ਰ ਪੰਡਤ ਸੋਮ ਨਾਥ ਰੋਡਿਆਂ ਵਾਲੇ, ਕੁਲਵੰਤ ਸਿੰਘ ਧੱਲੇਕੇ, ਸਾਬਕਾ ਸਰਪੰਚ ਹਰਬੰਸ ਸਿੰਘ ਧੱਲੇਕੇ, ਅਮਰਜੀਤ ਖੁਖਰਾਣਾ, ਜਸਵਿੰਦਰ ਸਿੰਘ ਸ਼ਿੰਦਾ, ਕੁਲਦੀਪ ਸੈਂਭੀ ਆਦਿ ਵੱਲੋਂ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

**ਬਰੈਂਪਟਨ ਓਂਟਾਰੀਓ (ਕੈਨੇਡਾ) ਵਿਚ 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ, ਮੈਟਰ, ਇਸ਼ਤਿਹਾਰ ਅਤੇ ਹੋਰ ਸਮੱਗਰੀ ਦੇਣ ਲਈ ਸਾਡੇ ਵਿਸ਼ੇਸ਼ ਪ੍ਰਤੀਨਿਧ ਭਜਨ ਸਿੰਘ ਬਾਂਬਾ ਨਾਲ ਸੰਪਰਕ ਕਰੋ।**

**Bhajan Singh Bahmba**
50 Silent Pond Cres.,
Brampton On L6v4R6.
Cell No : 001-647-960-0200

